Surrey Schools
LEADERSHIP IN LEARNING

Tel: 604.596.7733
www.sd36.bc.ca

# Hospital Homebound Program

## ਬਿਮਾਰ ਜਾਂ ਸੱਟ ਫੇਟ ਤੋਂ ਸ਼ਿਕਾਰੀ ਵਿਦਿਆਰਥੀਆਂ ਲਈ ਪੜ੍ਹਾਈ ਦਾ ਪ੍ਰੋਗਰਾਮ

### ਇਹ ਪ੍ਰੋਗਰਾਮ ਕੀ ਹੈ ?

ਇਸ ਪ੍ਰੋਗਰਾਮ ਰਾਹੀਂ ਸਕੂਲ ਡਿਸਟਰਿਕਟ ਦੇ ਅਧਿਆਪਕ ਓਹਨਾਂ ਬੱਚਿਆਂ ਨੂੰ ਵਿਦਿਆ ਸਿਖਾਂਦੇ ਹਨ ਜੋ ਕਿਸੇ ਬਿਮਾਰੀ ਜਾਂ ਸੱਟ ਫੇਟ ਕਾਰਨ ਸਕੂਲ ਨਹੀਂ ਆ ਸਕਦੇ । ਇਸ ਪ੍ਰੋਗਰਾਮ ਦਾ ਮੁੱਖ ਟੀਚਾ ਇਹੀ ਹੈ ਕਿ ਇਸ ਤਰਾਂ ਦੇ ਵਿਦਿਆਰਥੀ ਵਾਪਿਸੀ ਓਪਰ ਬਿਨਾਂ ਕਿਸੇ ਦਿੱਕਤ ਆਪਣੀ ਕਲਾਸ ਵਿੱਚ ਚੱਲ ਸਕਣ । ਇਹ ਪੜ੍ਹਾਈ ਸਰ੍ਹੀ ਮੈਮੋਰੀਅਲ ਹਸਪਤਾਲ, ਪੀਸ ਆਰਚ ਹਸਪਤਾਲ ਜਾਂ ਘਰ ਦਿੱਤੀ ਜਾ ਸਕਦੀ ਹੈ ।

### ਵਿਦਿਆਰਥੀ ਕਦੋਂ ਇਸ ਪ੍ਰੋਗਰਾਮ ਦੇ ਯੋਗ ਹੈ ?

ਜਦੋਂ ਕੋਈ ਵੀ ਸਰ੍ਹੀ ਸਕੂਲ ਡਿਸਟਰਿਕਟ ਦਾ ਵਿਦਿਆਰਥੀ 5 ਜਾਂ ਵੱਧ ਦਿਨਾਂ ਲਈ ਸਕੂਲ ਤੋਂ ਗੈਰਹਾਜ਼ਿਰ ਰਹੇ ਤਾਂ ਓਹ ਵਿਦਿਆਰਥੀ ਇਸ ਪ੍ਰੋਗਰਾਮ ਦੇ ਧਿਆਨ ਵਿੱਚ ਲਿਆਂਦੇ ਜਾ ਸਕਦੇ ਹਨ । ਇਹ ਸਕੂਲ ਦੇ ਪ੍ਰਿੰਸੀਪਲ, ਕਲਾਸ ਦੇ ਅਧਿਆਪਕ, ਸਕੂਲ ਦੀ ਨਰਸ, ਡਾਕਟਰ ਜਾਂ ਮਾਪਿਆ ਰਾਹੀਂ ਕੀਤਾ ਜਾ ਸਕਦਾ ਹੈ । ਇਹਨਾਂ ਕਾਰਣਾਂ ਕਰਕੇ ਵਿਦਿਆਰਥੀ ਨੂੰ ਇਸ ਪ੍ਰੋਗਰਾਮ ਦੇ ਧਿਆਨ ਵਿੱਚ ਲਿਆਂਦਾ ਜਾ ਸਕਦਾ ਹੈ:

ਹਸਪਤਾਲ ਵਿੱਚ ਆਪਰੇਸ਼ਨ, ਦੁਰਘਟਨਾਂ, ਸਰੀਰ ਵਿੱਚ ਇਨਫੈਕਸ਼ਨ, ਢਿੱਡ ਵਿੱਚ ਮੁਸੀਬਤ, ਕੈਂਸਰ, ਸਾਹ ਸੰਬਧੀ ਦੁੱਖ ਤਕਲੀਫ, ਮਾਨਸਿਕ ਮੁਸੀਬਤਾਂ ਜਾਂ ਹੋਰ ਬਿਮਾਰੀਆਂ ।

ਜਦੋਂ ਵਿਦਿਆਰਥੀ ਹਸਪਤਾਲ ਵਿੱਚ, ਥੋੜੇ ਜਾਂ ਲੰਬੇ ਸਮੇਂ ਲਈ ਦਾਖਿਲ ਹੋ ਜਾਵੇ ਤਾਂ ਇਸ ਪ੍ਰੋਗਰਾਮ ਦੇ ਅਧੀਨ ਲਿਆਂਦਾ ਜਾ ਸਕਦਾ ਹੈ ।

### ਵਿਦਿਆਰਥੀ ਤੋਂ ਕਿਹੜਾ ਕੰਮ ਕਰਾਇਆ ਜਾਂਦਾ ਹੈ ?

ਬਿਮਾਰ ਬੱਚੇ ਨੂੰ ਪੜ੍ਹਾਉਣ ਵਾਲਾ ਅਧਿਆਪਕ, ਬੱਚੇ ਦੇ ਸਕੂਲ ਦੇ ਅਧਿਆਪਕ ਨੂੰ ਮਿਲ ਕੇ ਅਤੇ ਲੋੜੀਂਦੇ ਕੰਮ ਦੀ ਜਾਣਕਾਰੀ ਲੈ ਕਿ ਬੱਚੇ ਨੂੰ ਪੜ੍ਹਾਓਂਦਾ ਹੈ । ਬੱਚੇ ਦੀ ਸਿਹਤ ਜਾਂ ਸੱਟ ਦੇ ਮੁਤਾਬਿਕ, ਅਧਿਆਪਕ ਸਕੂਲ ਦੇ ਕੰਮ ਨੂੰ ਤਬਦੀਲ ਵੀ ਕਰ ਸਕਦਾ ਹੈ ਤਾਂ ਕਿ ਬੱਚੇ ਓਪਰ ਕੰਮ ਦਾ ਗਲਤ ਅਸਰ ਨਾਂ ਪਵੇ । ਇਸ ਕੰਮ ਲਈ ਲੋੜੀਂਦੀਆਂ ਕਿਤਾਬਾਂ ਜਾਂ ਵਰਕ ਸ਼ੀਟਸ ਅਧਿਆਪਕ ਨਾਲ ਲੈ ਕਿ ਆਵੇਗਾ । ਕੋਸ਼ਿਸ਼ ਇਹ ਹੋਏਗੀ ਕਿ ਬੱਚਾ ਇਸ ਤਰਾਂ ਮਹਿਸੂਸ ਕਰੇ ਕਿ ਓਹ ਸਕੂਲ ਵਿੱਚ ਹੀ ਬੈਠਾ ਹੋਵੇ ।

ਇਸ ਪ੍ਰੋਗਰਾਮ ਦੀ ਹੋਰ ਜਾਣਕਾਰੀ ਲਈ ਫੋਨ ਕਰੋ : **604-596-9325 ext. 2735**
ਸਾਡੀ ਵੈਬ ਸਾਈਟ ਤੇ ਵੀ ਜਾਣਕਾਰੀ ਲੈ ਸਕਦੇ ਹੋ :
www.sd36.bc.ca/sites/cisc/hospitalhomebound.html.